# ਲੋਕਾਂ ਦਾ ਰੰਗਕਰਮੀ, ਜੋ ਕਦੇ ਥੱਕਿਆ ਨਹੀਂ

ਡਾ. ਅਨੂਪ ਸਿੰਘ

ਉਹ ਸੰਤਾਲੀ ਵਿਚ 18 ਸਾਲ ਦਾ ਭਰ ਨੌਜਵਾਨ ਸੀ ਅਤੇ 27 ਅਗਸਤ '47 ਨੂੰ ਆਪਣੀ ਜਨਮ ਭੌਂ ਛੱਡ ਕੇ "ਆਪਣੇ ਵਤਨ" ਆਇਆ ਸੀ। ਉਹ ਉਹਨਾਂ ਵਹਿਸ਼ਤ ਅਤੇ ਫ਼ਿਰਕੂ ਜਨੂੰਨ ਦੀਆਂ ਘਣਘੋਰ ਘਟਾਵਾਂ ਵਿਚ ਔਰਤਾਂ ਦੇ ਨੰਗੇ ਜਲੂਸ ਨਵੀਂ ਬਣੀ ਸਰਹੱਦ ਦੇ ਦੋਵੀਂ ਪਾਸੀਂ ਵੇਖਣ 'ਤੇ ਮਜਬੂਰ ਹੋਇਆ। ਉਸ ਨੇ ਪਾਕਿਸਤਾਨ ਵਾਲੇ ਪਾਸੇ ਹਿੰਦੂ-ਸਿੱਖ ਔਰਤਾਂ ਦੀ ਇਹ ਜ਼ਲਾਲਤ ਭਰੀ ਹਾਲਤ ਵੇਖੀ ਸੀ ਅਤੇ ਇੱਧਰ ਅੰਮ੍ਰਿਤਸਰ ਵਿਚ ਮੁਸਲਮਾਨ ਔਰਤਾਂ ਨਾਲ ਇਹੀ ਕੁਕਰਮ ਹੁੰਦਾ ਵੇਖਿਆ। ਉੱਧਰ ਵੀ ਧਾਰਮਿਕ-ਰਾਜਨੀਤਕ "ਆਗੂ" ਇਹਨਾਂ ਕੁਲਹਿਣੇ ਤੇ ਸ਼ਰਮਨਾਕ ਜਲੂਸਾਂ ਦੇ ਨਾਲ-ਨਾਲ ਚੱਲ ਰਹੇ ਸਨ ਅਤੇ ਇੱਧਰ ਵੀ। ਇਸ ਦਰਵੇਸ਼ ਦੀ ਵੱਡੀ ਭੈਣ ਮਹਿੰਦਰ ਕੌਰ ਅਤੇ ਮਰਹੂਮ ਮੁੱਖ ਮੰਤਰੀ ਗੁਰਮੁਖ ਸਿੰਘ ਮੁਸਾਫ਼ਰ ਦੀ ਬੇਟੀ ਰਾਜਿੰਦਰ ਕੌਰ ਨੇ ਅੰਮ੍ਰਿਤਸਰ ਦੇ ਹਾਲ ਬਜ਼ਾਰ ਵਿਚ ਮੁਸਲਮਾਨ ਔਰਤਾਂ ਦੇ ਨੰਗੇ ਜਲੂਸ ਦੇ ਸੰਯੋਜਕਾਂ ਨੂੰ ਵੰਗਾਰ ਕੇ ਕਿਹਾ ਸੀ, "ਜੇਕਰ ਇਹਨਾਂ ਔਰਤਾਂ ਨੂੰ ਤੁਸੀਂ ਫੌਰੀ ਤੌਰ 'ਤੇ ਕੱਪੜੇ ਨਾ ਦਿੱਤੇ ਤਾਂ ਅਸੀਂ ਵੀ ਆਪਣੇ ਕੱਪੜੇ ਉਤਾਰ ਦੇਵਾਂਗੀਆਂ।" ਇਹਨਾਂ ਜਮਾਤਣਾਂ ਦੇ ਇਸ ਦਲੇਰੀ ਭਰੇ ਕਥਨ ਨੇ ਜਲੂਸ ਦੇ ਆਯੋਜਕਾਂ ਨੂੰ ਸ਼ਰਮਸਾਰ ਕਰ ਦਿੱਤਾ ਸੀ ਅਤੇ ਇਸ ਦਰਵੇਸ਼ ਪਾਸ ਇਕ ਆਯੋਜਕ ਨੇ ਆਪਣੀ ਗ਼ਲਤੀ ਵੀ ਸਵੀਕਾਰ ਕੀਤੀ ਸੀ। ਇਸ ਰਿਸ਼ੀ ਨੇ ਮਾਰਚ '47 ਤੋਂ ਮਾਯੂਸਾਂ, ਬੇਗੁਨਾਹਾਂ ਅਤੇ ਆਪਣੇ ਹੀ ਦੇਸ਼ ਵਿਚ ਸ਼ਰਨਾਰਥੀ ਬਣੇ ਲੋਕਾਂ ਦੇ ਬਰਬਰਤਾ-ਪੂਰਨ ਕਤਲੇਆਮ ਦਾ ਨੰਗਾ ਨਾਚ ਆਪਣੀ ਅੱਖੀਂ ਵੇਖਿਆ ਸੀ। ਗੱਡੀਆਂ ਦੇ ਸਮੁੱਚੇ ਮੁਸਾਫ਼ਿਰਾਂ ਦੀਆਂ ਲਾਸ਼ਾਂ ਇਕ ਦੂਜੇ ਦੇਸ਼ ਨੂੰ "ਤੋਹਫ਼ੇ" ਵਟਾਉਂਦਿਆਂ ਉਸ ਨੇ ਪੀੜੋ-ਪੀੜ ਮਨ ਨਾਲ ਨਜ਼ਰਾਂ ਹੇਠੋਂ ਲੰਘਾਈਆਂ ਸਨ। ਇਸ ਵਹਿਸ਼ਤ ਅਤੇ ਦਰਿੰਦਗੀ ਦਾ ਇਸ ਸੰਵੇਦਨਸ਼ੀਲ ਨੌਜਵਾਨ ਦੇ ਮਨ 'ਤੇ ਏਨਾ ਤਿੱਖਾ ਤੇ ਗਹਿਰਾ ਅਸਰ ਪਿਆ ਸੀ ਕਿ ਉਹ '47 ਤੋਂ ਬਾਅਦ ਕਦੀ ਕਦਾਈਂ ਮੁਸਕਰਾਉਂਦਾ ਤਾਂ ਹੈ ਐਪਰ ਉਹ ਕਦੇ ਖੁੱਲ੍ਹ ਕੇ ਹੱਸਿਆ ਨਹੀਂ ਹੈ। ਉਸ ਨੂੰ ਇਤਿਹਾਸ ਦੇ ਇਸ ਤਾਂਡਵ ਨਾਚ ਦੇ ਕਾਂਡ ਨੇ ਖੁੱਲ੍ਹ ਕੇ ਹੱਸਣਾ ਭੁਲਾ ਦਿੱਤਾ ਸੀ। ਚੜ੍ਹਦੀ ਜਵਾਨੀ ਦੇ ਦਿਨਾਂ ਤੋਂ ਹੀ ਉਸ ਨੇ ਇਸ ਅਣਮਨੁੱਖੀ ਹੀ ਨਹੀਂ ਸਗੋਂ ਪਾਸ਼ਵਿਕ ਵਿਵਹਾਰ ਬਾਰੇ ਗਹਿਣ ਚਿੰਤਨ ਕਰਨਾ ਸ਼ੁਰੂ ਕਰ ਦਿੱਤਾ ਸੀ।

ਇਹ ਦਰਵੇਸ਼ 1929 ਈਸਵੀ ਵਿਚ ਰਾਮ ਨਗਰ (ਮੁਲਤਾਨ-ਪਾਕਿਸਤਾਨ) ਵਿਚ ਡਾ. ਗਿਆਨ ਸਿੰਘ ਦੇ ਘਰ ਪੈਦਾ ਹੋਇਆ ਸੀ। ਡਾ. ਗਿਆਨ ਸਿੰਘ ਨੇ ਉਸ ਜ਼ਮਾਨੇ ਵਿਚ ਐਮ.ਬੀ.ਬੀ.ਐਸ. ਲਾਹੌਰ ਯੂਨੀਵਰਸਿਟੀ ਤੋਂ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤੀ ਸੀ ਅਤੇ ਲੰਡਨ ਤੋਂ ਡੀ.ਪੀ.ਐਚ. ਕੀਤੀ ਸੀ। ਉਹ ਪੰਜ ਭਰਾਵਾਂ ਤੇ ਇਕ ਭੈਣ 'ਚੋਂ ਸਭ ਤੋਂ ਛੋਟਾ ਬੇਟਾ ਹੈ। ਇਸ ਦਾ ਵੱਡਾ ਭਰਾ ਫੌਜ ਵਿਚੋਂ ਬ੍ਰਿਗੇਡੀਅਰ ਦੇ ਪਦ ਤੋਂ ਸੇਵਾ ਮੁਕਤ

ਹੋਇਆ। ਦੂਜਾ ਦੰਦਾਂ ਦਾ ਸੁਪ੍ਰਸਿੱਧ ਸਰਜਨ ਸੀ, ਤੀਜਾ ਪਲਾਸਟਿਕ ਸਰਜਰੀ ਦਾ ਮਾਹਰ ਅਤੇ ਚੌਥਾ ਨਿਊਯਾਰਕ ਵਿਚ ਸੈਟਲ ਹੈ। ਇਹ ਲਿਖਣ ਦਾ ਭਾਵ ਹੈ ਕਿ ਇਹ ਆਪਣੀ ਵਿਚਾਰਧਾਰਕ ਸਪੱਸ਼ਟਤਾ ਅਤੇ ਪ੍ਰਤੀਬੱਧਤਾ ਕਾਰਨ ਲੋਕ-ਚੇਤਨਾ ਉਚਿਆਉਣ ਅਤੇ ਇਸ ਅਮਾਨਵੀ ਵਿਵਸਥਾ ਵਿਰੁੱਧ ਲੋਕ-ਰੋਹ ਨੂੰ ਜਥੇਬੰਦ ਕਰਨ ਦੇ ਬਿਖੜੇ ਪੰਧ ਦਾ ਰਾਹੀ ਬਣਿਆ ਅਤੇ 70 ਸਾਲ ਦੀ ਵਡੇਰੀ ਉਮਰ ਵਿਚ ਵੀ ਨੌਜਵਾਨਾਂ ਵਾਲੇ ਠਾਠਾਂ ਮਾਰਦੇ ਜੋਸ਼ ਨਾਲ ਨਿਰੰਤਰ ਛਾਲਾਂ ਮਾਰ ਕੇ ਅੱਗੇ ਵਧ ਰਿਹਾ ਹੈ। ਖਾਂਦੇ-ਪੀਂਦੇ ਅਤੇ ਪੜ੍ਹੇ-ਲਿਖੇ ਖ਼ਾਨਦਾਨ ਵਿਚ ਪੈਦਾ ਹੋ ਕੇ ਇਸ ਨੇ ਸੱਤ ਜਮਾਤਾਂ ਮੁਲਤਾਨ ਤੋਂ ਕੀਤੀਆਂ ਅਤੇ ਜਦੋਂ ਦੂਜਾ ਵਿਸ਼ਵ ਯੁੱਧ ਛਿੜਿਆ ਸੀ ਤਾਂ ਬਾਪ ਡਾ. ਗਿਆਨ ਸਿੰਘ ਨੂੰ ਮਿਲਟਰੀ ਸੇਵਾ ਵਿਚ ਜਾਣ ਕਾਰਨ ਦਸਵੀਂ ਜਮਾਤ ਖਾਲਸਾ ਕਾਲਜ ਹਾਈ ਸਕੂਲ ਅੰਮ੍ਰਿਤਸਰ ਤੋਂ ਕੀਤੀ ਅਤੇ ਐਫ.ਐਸਸੀ. ਐਮਰਸਨ ਕਾਲਜ ਤੋਂ ਕੀਤੀ ਸੀ। ਬੀ.ਐਸਸੀ. (ਆਨਰਜ਼) ਤੋਂ ਬਾਅਦ ਐਮ.ਐਸਸੀ. (ਕੈਮੀਕਲ ਟੈਕਨਾਲੋਜੀ) ਦੀ ਉੱਚ ਡਿਗਰੀ ਹਾਸਲ ਕੀਤੀ। ਇਸ ਮਹਾਨ ਸ਼ਖ਼ਸੀਅਤ ਦੇ ਦਾਦਾ ਜੀ ਸ੍ਰੀ ਨਰੈਣ ਸਿੰਘ ਨੇ ਐਮ.ਏ., ਐਲ.ਐਲ.ਬੀ. ਕੀਤੀ ਹੋਈ ਸੀ ਐਪਰ ਉਹ ਵਕਾਲਤ ਦੇ ਪੇਸ਼ੇ ਵਿਚ ਨਹੀਂ ਸਨ ਪਏ ਸਗੋਂ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਿੱਖਿਆ ਦੇ ਪਸਾਰ ਵਿਚ ਲਗਾਈ। ਉਹ ਰਾਵਲਪਿੰਡੀ ਤੇ ਅੰਮ੍ਰਿਤਸਰ ਦੇ ਸਕੂਲਾਂ ਵਿਚ ਹੈੱਡਮਾਸਟਰ ਵੀ ਰਹੇ ਅਤੇ 1937 ਵਿਚ ਸਿੱਖ ਵਿਦਿਅਕ ਲਹਿਰ ਵਿਚ ਵੀ ਮੋਹਰੀਆਂ ਵਜੋਂ ਰਹੇ। ਚੀਫ ਖਾਲਸਾ ਦੀਵਾਨ ਦੇ ਵੀ ਉਹ ਸਰਗਰਮ ਕਾਰਕੁੰਨ ਸਨ। ਉੱਘੇ ਖੱਬੇ-ਪੱਖੀ ਆਗੂ ਅਤੇ ਸਾਬਕਾ ਮੰਤਰੀ ਸ੍ਰੀ ਸੱਤਪਾਲ ਡਾਂਗ ਦੇ ਦਾਦਾ ਜੀ ਅਤੇ ਇਸ ਦਰਵੇਸ਼ ਦੇ ਦਾਦਾ ਜੀ ਇਕ ਬੈਂਚ 'ਤੇ ਬੈਠ ਕੇ ਪੜ੍ਹਾਈ ਕਰਦੇ ਰਹੇ। ਖਾਲਸਾ ਕਾਲਜ ਦੇ ਚਰਚਿਤ ਪ੍ਰਿੰਸੀਪਲ ਸ੍ਰੀ ਵਾਦਨ, ਜਿਹੜੇ ਸਿੱਖ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਪ੍ਰਸਿੱਧ ਸਨ, ਇਸ ਦਰਵੇਸ਼ ਦੇ ਦਾਦਾ ਜੀ ਸ੍ਰੀ ਨਰੈਣ ਸਿੰਘ ਦਾ ਬੜਾ ਸਤਿਕਾਰ ਕਰਦੇ ਸਨ ਅਤੇ ਉਹਨਾਂ ਦਾ ਆਪਸ ਵਿਚ ਗੂੜ੍ਹਾ ਸਨੇਹ ਸੀ। ਖਾਲਸਾ ਕਾਲਜ ਉਹਨਾਂ ਦਿਨਾਂ ਵਿਚ ਹਾਕੀ ਦੇ ਖਿਡਾਰੀਆਂ ਅਤੇ ਮਿਲਟਰੀ ਅਫਸਰਾਂ ਦੀ ਨਰਸਰੀ ਵਜੋਂ ਜਾਣਿਆ ਜਾਂਦਾ ਸੀ।

ਆਓ, ਮੁੜ ਉਸ ਦੇ ਜਵਾਨੀ ਦੇ ਦਿਨਾਂ ਵੱਲ ਪਰਤੀਏ। ਸੰਤਾਲੀ ਦੇ ਸੰਤਾਪ ਵੇਲੇ ਖਾਲਸਾ ਕਾਲਜ ਦਾ ਵਿਸ਼ਾਲ ਵਿਹੜਾ ਪਾਕਿਸਤਾਨ ਵਾਲੇ ਪਾਸਿਓਂ ਆਏ ਸ਼ਰਨਾਰਥੀਆਂ ਦਾ ਪਹਿਲਾ ਪੜਾਅ ਹੁੰਦਾ ਸੀ। ਹਾਲਾਤ ਏਨੇ ਮਾੜੇ ਸਨ, ਲੋਕਾਂ ਨੇ ਏਨੀ ਵਹਿਸ਼ਤ ਦੇਖੀ ਅਤੇ ਹੰਢਾਈ ਸੀ ਕਿ ਮਨੁੱਖ, ਮਨੁੱਖੀ ਕਦਰਾਂ-ਕੀਮਤਾਂ ਸਮੇਤ ਅਮੀਰ ਪਰੰਪਰਾਵਾਂ ਦੇ, ਦਰਿਆ ਰਾਵੀ ਵਿਚ ਰੁੜ੍ਹ ਗਈਆਂ ਸਨ। ਬਜ਼ੁਰਗ ਮਾਂ-ਬਾਪ ਨੂੰ ਲੋਕ ਪੜਾਅ 'ਤੇ ਹੀ ਛੱਡ ਕੇ ਅਗਲਾ ਟਿਕਾਣਾ ਲੱਭਣ ਤੁਰ ਜਾਂਦੇ ਸਨ। ਜਿਹਨਾਂ ਲੋਕਾਂ ਨੇ ਆਪਣੀਆਂ ਕੰਜਕਾਂ ਦੀਆਂ ਧੌਣਾਂ ਆਪ ਲਾਹੀਆਂ ਸਨ, ਆਪਣੀਆਂ ਧੀਆਂ ਨੂੰ ਖੂਹਾਂ ਵਿਚ ਧੱਕੇ ਦਿੱਤੇ ਸਨ ਤਾਂ ਜੋ ਧੀਆਂ-ਗਊਆਂ "ਦੁਸ਼ਮਣਾਂ" ਦੇ ਕਾਬੂ ਨਾ ਆ ਜਾਣ, ਪਰਿਵਾਰ ਦੀ ਆਨ ਤੇ ਅਣਖ ਨੂੰ ਦਾਗ਼ ਨਾ ਲੱਗ ਜਾਵੇ, ਉਹ ਬਜ਼ੁਰਗ ਮਾਂ-ਬਾਪ ਨੂੰ ਕਿਵੇਂ ਸੰਭਾਲ ਸਕਦੇ ਸਨ? ਤੇ ਇਹਨਾਂ ਬਜ਼ੁਰਗਾਂ ਦੀ ਸੇਵਾ-ਸੰਭਾਲ ਅਤੇ ਦੇਖ-ਭਾਲ ਕਰਨ ਦੇ ਮੋਹਰੀ ਸਨ ਭਗਤ ਪੂਰਨ ਸਿੰਘ ਤੇ ਸਾਡਾ ਇਹ ਦਰਵੇਸ਼। ਭਗਤ ਪੂਰਨ ਸਿੰਘ ਵਿਚ ਸੇਵਾ-ਭਾਵਨਾ ਬਹੁਤ ਸੀ। ਭਾਵੇਂ ਇਸ ਵਿਚ ਇਸ ਭਾਵਨਾ ਦੀ ਕਮੀ ਨਹੀਂ ਸੀ ਪਰ ਇਸ ਨੇ ਹੋਰ ਢੰਗ ਨਾਲ ਸਮਾਜ

ਦੀ ਸੇਵਾ ਕਰਨ ਦਾ ਮਨ ਬਣਾਇਆ ਹੋਇਆ ਸੀ। **ਉਹ ਐਸਾ ਸਮਾਜ ਚਾਹੁੰਦਾ ਸੀ, ਜਿਸ ਵਿਚ ਕਿਸੇ ਨੂੰ ਦੂਜੇ 'ਤੇ ਆਸ਼ਰਿਤ ਨਾ ਹੋਣਾ ਪਵੇ। ਬਰਾਬਰੀ ਵਾਲਾ ਸਮਾਜ। ਲੁੱਟ-ਖਸੁੱਟ ਰਹਿਤ ਸਮਾਜ, ਬੇਇਨਸਾਫ਼ੀ ਅਤੇ ਵਿਤਕਰਿਆਂ ਤੋਂ ਮੁਕਤ ਸਮਾਜ। ਵਿਚਾਰਾਂ ਤੇ ਇਸ਼ਟ ਦੀ ਪੂਰਨ ਸੁਤੰਤਰਤਾ ਵਾਲਾ ਸਮਾਜ—ਇਕ ਧਰਮ ਨਿਰਪੱਖ, ਅਗਾਂਹਵਧੂ ਅਤੇ ਅਸਲੀ ਅਰਥਾਂ ਤੇ ਭਾਵਨਾ ਵਿਚ ਜਮਹੂਰੀ ਸਮਾਜ।** ਇਸ ਦੀ ਸਮਝਦਾਰੀ ਹੈ ਕਿ ਵਿਤਕਰਿਆਂ ਤੇ ਵੰਡੀਆਂ ਵਾਲੇ ਸਮਾਜ ਵਿਚ ਜਮਹੂਰੀਅਤ ਸਹੀ ਅਰਥਾਂ ਵਿਚ ਪਨਪ ਹੀ ਨਹੀਂ ਸਕਦੀ। ਉਹ ਪ੍ਰਾਪਤ ਲੋਕਤੰਤਰ ਦਾ ਵਿਰੋਧੀ ਨਹੀਂ ਐਪਰ ਉਸ ਨੂੰ ਸੱਚੀ-ਸੁੱਚੀ ਜਮਹੂਰੀਅਤ ਦੀ ਅਭਿਲਾਸ਼ਾ ਹੈ ਜਿਹੜੀ ਜਮਾਤ-ਰਹਿਤ ਸਮਾਜ ਵਿਚ ਹੀ ਸੰਭਵ ਹੈ। ਇਸੇ ਲਈ ਇਹ ਨੌਵੀਂ ਜਮਾਤ ਵਿਚ ਪੜ੍ਹਦਿਆਂ ਹੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। ਇਹ ਗੱਲ 1944 ਦੀ ਹੈ। ਉਸ ਦੇ ਦਾਦਾ ਜੀ ਇੰਗਲੈਂਡ ਤੋਂ ਪੜ੍ਹ ਕੇ ਆਏ ਸਨ। ਘਰ ਵਿਚ ਪੁਸਤਕਾਂ ਦਾ ਬੜਾ ਵੱਡਾ ਭੰਡਾਰ ਸੀ ਜਿਸ ਨੂੰ ਇਸ ਰਿਸ਼ੀ ਨੇ ਸਕੂਲੀ ਦਿਨਾਂ ਵਿਚ ਹੀ ਪੜ੍ਹ ਲਿਆ ਸੀ। ਘਰ ਵਿਚ ਬੜੇ ਮਿਆਰੀ ਪਰਚੇ ਤੇ ਮੈਗਜ਼ੀਨ ਆਉਂਦੇ ਹੁੰਦੇ ਸਨ। ਇਹਨਾਂ ਵਿਚ 'ਸਿਵਲ ਤੇ ਮਿਲਟਰੀ ਗਜ਼ਟ' ਤੋਂ ਲੈ ਕੇ ਪੰਜਾਬੀ ਦਾ 'ਪ੍ਰੀਤਲੜੀ ਮਾਸਿਕ' ਵੀ ਸ਼ਾਮਲ ਸੀ। ਇਹ ਪ੍ਰਸਿੱਧ ਪ੍ਰਗਤੀਵਾਦੀ ਸ਼ਾਇਰ ਦਰਸ਼ਨ ਸਿੰਘ ਅਵਾਰਾ ਤੋਂ ਬੜਾ ਪ੍ਰਭਾਵਿਤ ਸੀ। ਕੋਇਟੇ ਦੇ ਭੂਚਾਲ ਨੇ ਇਸ ਬਾਲ-ਰਿਸ਼ੀ ਦੇ ਮਨ 'ਤੇ ਬੜਾ ਭਾਰੀ ਅਸਰ ਪਾਇਆ ਸੀ ਤੇ ਉਸ ਦੀ ਰੂਹ ਵਲੂੰਧਰ ਦਿੱਤੀ ਸੀ '47 ਦੇ ਹੌਲਨਾਕ ਭਿਆਨਕਤਮ ਹਾਦਸੇ ਨੇ। ਇਸ ਤਰ੍ਹਾਂ ਇਹ ਨੌਜਵਾਨ ਪਰਨਾਇਆ ਗਿਆ ਸੀ ਪ੍ਰਗਤੀਵਾਦੀ ਅਤੇ ਕਮਿਊਨਿਸਟ ਵਿਚਾਰਧਾਰਾ ਨਾਲ। ਕਮਿਊਨਿਸਟ ਲਹਿਰ ਦੀ ਸਮਰੱਥਾ ਅਤੇ ਸ਼ਕਤੀ ਤੋਂ ਉਹ ਭਲੀਭਾਂਤ ਜਾਣੂ ਹੈ। ਉਸ ਨੂੰ ਪਤਾ ਹੈ ਕਿ ਇਹੀ ਲਹਿਰ ਸਮਾਜ ਵਿਚ ਬੁਨਿਆਦੀ ਪਰਿਵਰਤਨ ਲਿਆ ਸਕਦੀ ਹੈ। ਉਹ ਸਮਾਜਕ ਨਿਆਂ ਵਾਲੇ ਸਮਾਜ ਨੂੰ ਸਿਰਜਣ ਲਈ ਆਪਣੇ ਖ਼ੂਨ ਦਾ ਆਖਰੀ ਕਤਰਾ ਵੀ ਵਰਤਣਾ ਚਾਹੁੰਦਾ ਹੈ। ਉਸ ਨੇ ਭਾਖੜਾ ਡੈਮ ਦੀ ਉਸਾਰੀ ਵੇਲੇ ਖੋਜ ਪ੍ਰਯੋਗਸ਼ਾਲਾ (ਸੀਮੈਂਟ ਅਤੇ ਇਮਾਰਤੀ ਸਾਜ਼-ਸਾਮਾਨ) ਵਿਚ ਇਕ ਇੰਜੀਨਿਅਰ ਵਜੋਂ ਕੰਮ ਸ਼ੁਰੂ ਕੀਤਾ ਅਤੇ ਉਹ 1962 ਈਸਵੀ ਵਿਚ ਸਿੰਜਾਈ ਖੋਜ ਸੰਸਥਾ ਅੰਮ੍ਰਿਤਸਰ ਵਿਖੇ ਆ ਗਿਆ। ਘਰ ਵਿਚ ਸਾਹਿਤਕ ਮਾਹੌਲ ਸੀ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ 1956 ਵਿਚ ਗਠਨ ਸਮੇਂ ਉਹ ਹਾਜ਼ਰ ਸੀ। ਨਾਟਕਾਂ ਵੱਲ ਉਹ 1957 ਈਸਵੀ ਵਿਚ ਆਏ ਤੇ ਫਿਰ ਚੱਲ-ਸੋ-ਚੱਲ। ਉਹ ਇਸ ਵਡੇਰੀ ਉਮਰ ਵਿਚ ਵੀ ਸਾਲ ਵਿਚ 300 ਦਿਨ (ਔਸਤਨ) ਨਾਟਕ ਖੇਡਦਾ ਹੈ, ਪੜ੍ਹਦਾ ਹੈ, ਅਖ਼ਬਾਰਾਂ ਲਈ ਲਿਖਦਾ ਹੈ ਅਤੇ ਕਲਾਕਾਰਾਂ ਨੂੰ ਟ੍ਰੇਨਿੰਗ ਦਿੰਦਾ ਹੈ। ਇਕ ਦਿਨ ਪੰਜਾਬ ਦੀ ਇਕ ਗੁੱਠ ਵਿਚ, ਦੂਜੇ ਦਿਨ ਦੂਜੀ ਗੁੱਠ ਵਿਚ ਨਾਟਕ ਖੇਡਣ ਚਲਾ ਜਾਂਦਾ ਹੈ। ਪੰਜਾਬੀ ਨਾਟਕ ਅਤੇ ਪੁਸਤਕਾਂ ਨੂੰ ਪਿੰਡ-ਪਿੰਡ, ਘਰ-ਘਰ ਪਹੁੰਚਾਉਣ ਵਿਚ ਉਸ ਜਿੰਨਾ ਕੰਮ ਕਿਸੇ ਨਹੀਂ ਕੀਤਾ ਅਤੇ ਸ਼ਾਇਦ ਕੋਈ ਕਰ ਵੀ ਨਾ ਸਕੇ। ਸਰਕਾਰ ਜਾਂ ਕਿਸੇ ਹੋਰ ਸੰਸਥਾ ਨੇ ਏਨੀਆਂ ਪੁਸਤਕਾਂ ਪੰਜਾਬ ਦੇ ਪਿੰਡਾਂ ਵਿਚ ਨਹੀਂ ਪਹੁੰਚਾਈਆਂ ਜਿੰਨੀਆਂ ਇਸ ਨੇ ਪਹੁੰਚਾਈਆਂ। ਮਾਂ-ਬੋਲੀ ਪੰਜਾਬੀ ਦੀ ਹੋਰ ਏਨੀ ਸੇਵਾ ਕੌਣ ਕਰ ਸਕਦਾ ਹੈ? ਪੰਜਾਬ ਅੰਦਰ ਘੱਟ ਤੋਂ ਘੱਟ ਸਟੇਜੀ ਲੋੜਾਂ ਅਤੇ ਘੱਟ ਤੋਂ ਘੱਟ ਖਰਚ ਨਾਲ ਨਾਟਕ ਇਹ ਹੀ ਕਰ ਸਕਦਾ ਹੈ, ਜਿਸ ਲਈ ਕੰਮ ਹੀ ਪੂਜਾ ਹੈ ਅਤੇ ਪੂਜਾ

ਕੋਈ ਕੰਮ ਨਹੀਂ। ਉਹ ਥੱਕਦਾ ਵੀ ਨਹੀਂ ਅਤੇ ਅੱਕਦਾ ਵੀ ਨਹੀਂ। ਜਿਹਨਾਂ ਕਲਾਕਾਰਾਂ ਨੂੰ ਉਹ ਟ੍ਰੇਨਿੰਗ ਦਿੰਦਾ ਹੈ, ਆਪਣੀ ਨਿਗਰਾਨੀ ਹੇਠ ਸਖ਼ਤ ਅਭਿਆਸ ਕਰਾਉਂਦਾ ਹੈ, ਉਹਨਾਂ ਨੂੰ ਪਿੱਤਰੀ ਮੋਹ ਦਿੰਦਾ ਹੈ ਅਤੇ ਬੱਚਿਆਂ ਦੀ ਤਰ੍ਹਾਂ ਉਨ੍ਹਾਂ ਦੀ ਦੇਖ-ਭਾਲ ਕਰਦਾ ਹੈ, ਉਹਨਾਂ ਨੂੰ ਕਲਾ ਵਿਚ ਪ੍ਰਪੱਕਤਾ ਹਾਸਲ ਕਰਨ ਲਈ ਅਨੁਸ਼ਾਸ਼ਨ ਵਿਚ ਰਹਿਣਾ ਸਿਖਾਉਂਦਾ ਹੈ, ਉਹਨਾਂ ਨੂੰ ਉਹ ਆਗਿਆ ਦਿੰਦਾ ਹੈ ਕਿ ਉਹ ਜਿਸ ਵੀ ਨਾਟਕ ਟੀਮ ਵਿਚ ਜਾਣਾ ਚਾਹੁਣ ਜਾਂ ਆਪਣੀ ਟੀਮ ਤਿਆਰ ਕਰਨੀ ਚਾਹੁਣ ਤਾਂ ਕਰ ਲੈਣ। ਉਹ ਉਹਨਾਂ ਨੂੰ ਬੰਨ੍ਹ ਕੇ ਨਹੀਂ ਰੱਖਦਾ ਅਤੇ ਆਪਣੀ ਮਿਹਨਤ ਦਾ ਮੁੱਲ ਮੰਗਣਾ ਤਾਂ ਕਿਤੇ ਰਿਹਾ, ਉਹ ਅਹਿਸਾਸ ਤੱਕ ਵੀ ਨਹੀਂ ਕਰਾਉਂਦਾ। ਉਹ ਇਕ ਮਿਸ਼ਨਰੀ ਹੈ। ਉਹ ਲਟ-ਲਟ ਬਲਦੀ ਜੋਤਿ ਹੈ ਜਿਹੜੀ ਹੋਰ ਦੀਪਾਂ ਨੂੰ ਜਗਾਉਣਾ ਆਪਣਾ ਕਰਤੱਵ ਸਮਝਦੀ ਹੈ।

26 ਜੂਨ 1975 ਨੂੰ ਭਾਰਤ ਵਿਚ ਕਾਲੀ-ਕੁਲਹਿਣੀ ਐਮਰਜੈਂਸੀ ਲਾ ਦਿੱਤੀ ਗਈ ਸੀ। ਲੋਕਾਂ ਦੀ ਆਵਾਜ਼ ਦਬਾ ਦਿੱਤੀ ਗਈ ਸੀ। ਲੋਕਾਂ ਦੇ ਮੂਲ-ਮਨੁੱਖੀ ਅਧਿਕਾਰ ਕੁਚਲ ਦਿੱਤੇ ਗਏ। ਐਪਰ ਕੀ ਇਸ ਨੂੰ ਉਸ ਦੇ ਚੁਣੇ ਹੋਏ ਰਾਹ ਤੋਂ ਕੋਈ ਰੋਕ ਸਕਦਾ ਸੀ? ਉਸ ਨੇ 9 ਸਤੰਬਰ 1975 ਨੂੰ ਪਾਕਿਸਤਾਨ ਵਿਚ ਅਯੂਬ ਖ਼ਾਨ ਦੀ ਡਿਕਟੇਟਰਸ਼ਿਪ ਦੇ ਖ਼ਿਲਾਫ਼ ਇਕ ਨਾਟਕ ਖੇਡਿਆ ਸੀ। ਨਾਟਕ ਏਧਰ ਖੇਡਿਆ ਸੀ ਤੇ ਉਸ ਨਾਟਕ ਦੀ ਸੁਰ ਅਸਿੱਧੇ ਰੂਪ ਵਿਚ ਭਾਰਤੀ ਡਿਕਟੇਟਰ ਦੇ ਵਿਰੁੱਧ ਸੀ। ਚੇਤਨ ਦਰਸ਼ਕਾਂ ਤੇ ਸਰੋਤਿਆਂ ਦੇ ਨਾਲ-ਨਾਲ ਹਾਕਮਾਂ ਨੇ ਵੀ ਇਸ ਨਾਟਕ ਦਾ ਸੁਨੇਹਾ ਸੁਣ-ਸਮਝ ਲਿਆ ਸੀ ਅਤੇ ਇਸ ਮਹਾਨ ਸੰਗਰਾਮੀਏ ਨੂੰ ਸੰਵਿਧਾਨ ਦੀ ਧਾਰਾ 311 (2) ਤਹਿਤ 11 ਸਤੰਬਰ 1975 ਨੂੰ ਸਰਕਾਰੀ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਸੀ। ਭਲਾ ਇਹ ਬਰਖ਼ਾਸਤਗੀ ਉਸ ਨੂੰ ਉਸ ਦੇ ਮਿਸ਼ਨ ਤੋਂ ਪਰ੍ਹੇ ਲਿਜਾ ਸਕਦੀ ਸੀ? ਉਸ ਨੇ ਐਮਰਜੈਂਸੀ ਵਿਚ ਨਾਟਕ ਖੇਡੇ ਸਨ "ਕਿਵ ਕੂੜੈ ਤੁਟੈ ਪਾਲਿ।" ਸਮੇਂ ਦੇ ਹਾਕਮਾਂ ਨੇ ਉਸ ਦੀਆਂ ਸਰਗਰਮੀਆਂ ਨੂੰ "ਅੰਦਰੂਨੀ ਸੁਰੱਖਿਆ" ਲਈ ਖ਼ਤਰਾ ਸਮਝਦਿਆਂ ਮੀਸਾ ਤਹਿਤ ਨਜ਼ਰਬੰਦ ਕਰ ਦਿੱਤਾ ਸੀ ਅਤੇ ਝਬਾਲ (ਅੰਮ੍ਰਿਤਸਰ) ਨੇੜੇ ਪੁਲ ਨੂੰ ਉਡਾਉਣ ਦੀ "ਸਾਜ਼ਿਸ਼" ਰਚਣ ਦਾ ਝੂਠਾ ਕੇਸ ਕਰ ਦਿੱਤਾ ਸੀ। ਭਾਰਤ/ਪੰਜਾਬ ਦੀ ਪੁਲਸ ਭਾਰਤੀ ਰਾਜ ਦੇ ਅਨਿਆਂਕਾਰੀ ਤੇ ਦਮਨਕਾਰੀ ਖਾਸੇ ਵਿਰੁੱਧ ਲੜਨ ਵਾਲਿਆਂ ਵਿਰੁੱਧ ਝੂਠੇ ਕੇਸ ਬਣਾਉਣ ਵਿਚ "ਮਾਹਿਰ" ਹੈ। ਐਪਰ ਇਸ ਨੂੰ 48 ਦਿਨਾਂ ਬਾਅਦ ਜੇਲ੍ਹ ਤੋਂ ਰਿਹਾਅ ਕਰਨਾ ਪਿਆ ਸੀ। ਜਦੋਂ ਐਮਰਜੈਂਸੀ ਦਾ ਸ਼ਿਕੰਜਾ ਤੋੜ ਦਿੱਤਾ ਗਿਆ ਅਤੇ ਕੇਂਦਰ ਵਿਚ ਜਨਤਾ ਪਾਰਟੀ ਦੀ ਸਰਕਾਰ ਬਣ ਗਈ ਤਾਂ ਇਸ ਨੂੰ ਵੀ ਨੌਕਰੀ 'ਤੇ ਬਹਾਲ ਕਰ ਦਿੱਤਾ ਗਿਆ ਅਤੇ 22 ਮਹੀਨੇ ਦੀ ਤਨਖ਼ਾਹ ਦਾ ਬਕਾਇਆ ਦੇ ਦਿੱਤਾ ਗਿਆ। ਜਦੋਂ 1980 ਵਿਚ ਸ੍ਰੀ ਦਰਬਾਰਾ ਸਿੰਘ ਦੀ ਅਗਵਾਈ ਹੇਠ ਪੰਜਾਬ ਵਿਚ ਮੁੜ ਕਾਂਗਰਸੀ ਹਕੂਮਤ ਕਾਇਮ ਹੋਈ ਤਾਂ ਉਸ ਨੇ ਬੱਸ ਕਿਰਾਇਆਂ ਵਿਚ ਕੀਤੇ ਬੇਬਹਾ ਵਾਧੇ ਸਮੇਤ ਕਈ ਲੋਕ-ਵਿਰੋਧੀ ਕਦਮ ਚੁੱਕੇ। ਸਰਕਾਰ ਨਾਲ ਇਸ ਯੋਧੇ ਦਾ ਟਕਰਾਅ ਬਹੁਤ ਤਿੱਖਾ ਹੋ ਗਿਆ ਅਤੇ ਲੋਕ-ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਉਸ ਨੇ 1981 ਵਿਚ ਸਵੈ ਇੱਛਿਤ ਰੂਪ ਵਿਚ ਸਰਕਾਰੀ ਸੇਵਾ ਤੋਂ ਮੁਕਤੀ ਲੈ ਲਈ।

ਉਸ ਨੇ ਜ਼ਿੰਦਗੀ ਦੇ ਹਰ ਖੇਤਰ, ਹਰ ਵਿਸ਼ੇ, ਹਰ ਪੱਖ ਉੱਤੇ ਨਾਟਕ ਲਿਖੇ, ਇਕਾਂਗੀ ਲਿਖੇ ਅਤੇ ਇਹਨਾਂ ਨੂੰ ਪਿੰਡ-ਪਿੰਡ, ਸ਼ਹਿਰ-ਸ਼ਹਿਰ, ਗਲੀ-ਗਲੀ ਖੇਡਿਆ। ਅੱਤਵਾਦ

ਵਿਰੁੱਧ ਵੀ ਨਾਟਕ ਖੇਡੇ। ਖਾਲਿਸਤਾਨੀ ਦਹਿਸ਼ਤਗਰਦਾਂ ਦੇ ਵਿਰੁੱਧ ਬੇਬਾਕ ਤੇ ਬੇਖੌਫ਼ ਹੋ ਕੇ ਬੋਲਿਆ ਤੇ ਵਿਚਰਿਆ। ਜਿਥੇ ਉਹ ਵੱਖਵਾਦੀ-ਅੱਤਵਾਦੀ ਸ਼ਕਤੀਆਂ ਦੇ ਖ਼ਿਲਾਫ਼ ਨਿਡਰ ਹੋ ਕੇ ਬੋਲਿਆ ਸੀ ਉਥੇ ਉਹ ਰਾਜਕੀ ਦਹਿਸ਼ਤ ਦੇ ਵੀ ਸਖ਼ਤ ਵਿਰੁੱਧ ਸੀ। ਪੰਜਾਬ ਅੰਦਰ ਜਮਹੂਰੀ ਹੱਕਾਂ ਲਈ ਨਿਰੰਤਰ ਕਾਰਜਸ਼ੀਲ ਹੈ। ਉਹ ਖਾਲਿਸਤਾਨੀ ਦਹਿਸ਼ਤਗਰਦ ਲਹਿਰ ਵਿਰੁੱਧ ਲੜਨ ਵਾਲੇ ਮਹਾਨ ਯੋਧਿਆਂ, ਜਿਹਨਾਂ ਵਿਚ ਕਾ. ਦੀਪਕ ਧਵਨ, ਕਾ. ਸਰਵਣ ਸਿੰਘ ਚੀਮਾ, ਕਾ. ਚੰਨਣ ਸਿੰਘ ਧੂਤ ਅਤੇ ਕਾ. ਦਰਸ਼ਨ ਸਿੰਘ ਕੈਨੇਡੀਅਨ, ਕਾ. ਅਰਜਨ ਸਿੰਘ ਮਸਤਾਨਾ, ਕਾ. ਗੁਰਨਾਮ ਸਿੰਘ ਉੱਪਲ, ਕਾ. ਸੋਹਣ ਸਿੰਘ ਢੇਸੀ, ਕਾ. ਬਲਦੇਵ ਸਿੰਘ ਮਾਨ ਸੰਗਰਾਮੀ ਸ਼ਾਇਰ ਪਾਸ਼ ਵਰਗੇ ਉੱਚ ਕਮਿਊਨਿਸਟ ਆਗੂ ਸ਼ਾਮਲ ਸਨ, ਦਾ ਬੜਾ ਅਭਾਰੀ ਹੈ ਅਤੇ ਉਹਨਾਂ ਪ੍ਰਤੀ ਉਸ ਦੇ ਦਿਲ ਵਿਚ ਅਥਾਹ ਸਤਿਕਾਰ ਹੈ। ਇਹ ਮਹਾਨ ਦਰਵੇਸ਼ ਕਾ. ਦੀਪਕ ਧਵਨ ਦੀ ਪ੍ਰਤਿਭਾ ਦਾ ਕੰਠ ਮੁਕਤ ਪ੍ਰਸ਼ੰਸਕ ਹੈ ਅਤੇ ਉਸ ਦੀ ਖਾਲਿਸਤਾਨੀ ਦਹਿਸ਼ਤਗਰਦਾਂ ਹੱਥੋਂ ਸ਼ਹਾਦਤ ਨੂੰ ਉਹ ਪੰਜਾਬ ਦੀ ਕਮਿਊਨਿਸਟ ਲਹਿਰ ਲਈ ਇਕ ਬੌਧਿਕ ਘਾਟਾ ਸਮਝਦਾ ਹੈ।

ਬਹੁਤ ਸਾਹਿਤਕਾਰ ਤੇ ਕਲਾਕਾਰ ਅਜਿਹੇ ਹਨ ਜਿਹੜੇ ਆਪਣੀਆਂ ਲਿਖਤਾਂ ਵਿਚ ਆਪਣੇ ਕਥਨਾਂ ਵਿਚ ਬੜੇ ਪ੍ਰਗਤੀਵਾਦੀ ਹਨ ਐਪਰ ਆਪਣੀ ਨਿੱਜੀ ਜ਼ਿੰਦਗੀ ਵਿਚ ਉਹਨਾਂ ਸਾਰੇ ਕੁਕਰਮਾਂ ਦੇ ਸ਼ਿਕਾਰ ਹਨ ਜਿਹੜੇ ਮਨੁੱਖੀ ਜਾਮੇ ਵਿਚ ਕੀਤੇ ਜਾ ਸਕਦੇ ਹਨ। ਐਪਰ ਸਾਡਾ ਇਹ ਦਰਵੇਸ਼, ਦਾਰਸ਼ਨਿਕ ਲੇਖਕ ਅਤੇ ਸੰਗਰਾਮੀਆ ਕਥਨੀ ਦੇ ਨਾਲ-ਨਾਲ ਕਰਨੀ ਦਾ ਵੀ ਸੂਰਮਾ ਹੈ। ਮੇਰੀ ਚੁਣੌਤੀ ਹੈ ਕਿ ਕੋਈ ਵੀ ਬੰਦਾ ਉਸਦੀ ਜ਼ਾਤੀ ਜ਼ਿੰਦਗੀ ਵਿਚ ਕੋਈ ਘਾਟ, ਕੋਈ ਨੁਕਸ, ਕੋਈ ਕਮਜ਼ੋਰੀ ਜਾਂ ਕੋਈ ਲਰਜਸ਼ ਦੱਸੇ-ਦਰਸਾਵੇ ਤਾਂ ਮੈਂ ਉਸ ਦੀ ਸ਼ਾਗਿਰਦੀ ਕਰਨ ਨੂੰ ਤਿਆਰ ਹਾਂ। ਉਹ ਜੋ ਜਿਉਂਦਾ ਹੈ—ਉਹੀ ਲਿਖਦਾ ਹੈ ਅਤੇ ਜੋ ਲਿਖਦਾ ਹੈ ਉਸ ਅਨੁਸਾਰ ਜੀਂਦਾ-ਥੀਂਦਾ ਹੈ। ਜਦੋਂ ਕਿਸੇ ਬੰਦੇ ਨੂੰ ਏਨਾ ਪਿਆਰ-ਸਤਿਕਾਰ ਮਿਲੇ, ਏਨਾਂ ਜੱਸ ਮਿਲੇ, ਏਨੀ ਪ੍ਰਸਿੱਧੀ ਪ੍ਰਾਪਤ ਹੋ ਜਾਵੇ ਤਾਂ ਉਸ ਵਿਚ ਕਮਜ਼ੋਰੀਆਂ ਆ ਜਾਣੀਆਂ ਬਹੁਤੀ ਵਾਰੀ ਸੁਭਾਵਿਕ ਹੁੰਦੀਆਂ ਹਨ ਐਪਰ ਇਹ ਉਹਨਾਂ ਵਿਚੋਂ ਨਹੀਂ ਹੈ।

"ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥" "ਏਨੇ ਬੰਦੇ ਸਮੁੰਦਰ ਵਿਚ ਡੁੱਬ ਕੇ ਨਹੀਂ ਮਰੇ ਜਿੰਨੇ ਸ਼ਰਾਬ 'ਚ ਡੁੱਬ ਕੇ ਮਰੇ ਹਨ।" ਇਹ ਕਥਨ ਉਹ ਵਾਰ-ਵਾਰ ਦੁਹਰਾਉਂਦਾ ਹੈ। ਉਸ ਨੇ 30 ਸਾਲ ਦੀ ਉਮਰ ਵਿਚ 1959 ਈਸਵੀ ਵਿਚ ਵਿਆਹ ਕਰਵਾਇਆ ਸੀ ਅਤੇ ਉਸ ਜ਼ਮਾਨੇ ਵਿਚ ਉਹ ਆਪੇ ਹੀ ਲਾੜਾ ਸੀ, ਆਪੇ ਹੀ ਜਾਂਞੀ ਸੀ, ਆਪੇ ਹੀ ਮਾਂ-ਬਾਪ ਅਤੇ ਲਾਗੀ ਵੀ। ਉਹ ਵੀ ਇਸ ਦੇ ਮਹਾਨ ਉਦੇਸ਼ਾਂ ਦੀ ਪੂਰਤੀ ਹਿੱਤ ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਬਣੀ ਰਹੀ ਹੈ। ਇਸ ਨੂੰ ਹੋੜਨਾ-ਵਰਜਣਾ ਤਾਂ ਕਿਤੇ ਦੂਰ ਸਗੋਂ ਹਰ ਤਰ੍ਹਾਂ ਨਾਲ ਸਹਾਈ ਰਹੀ ਹੈ—ਇਹ ਮਹਾਨ ਵੀਰਾਂਗਣਾ। ਇਸ ਮਹਾਨ ਔਰਤ ਨੂੰ ਸਦ-ਨਮਸਕਾਰ। "ਏਕ ਜੋਤਿ ਦੁਇ ਮੂਰਤੀ...॥" ਦੋ ਬੇਟੀਆਂ ਹਨ—ਇਸ ਫ਼ੱਕਰ ਜੋੜੀ ਦੀਆਂ। ਇਹਨਾਂ ਸਚਿਆਰੀਆਂ-ਪਿਆਰੀਆਂ ਧੀਆਂ ਨੇ ਆਪਣੇ ਜੀਵਨ-ਸਾਥੀ ਆਪ ਚੁਣੇ। ਇਹ ਰਿਸ਼ੀ ਆਸ਼ੀਰਵਾਦ ਦੇਣ ਲਈ ਆਪਣੀਆਂ ਧੀਆਂ ਦੇ ਵਿਆਹਾਂ ਵਿਚ ਸ਼ਾਮਲ ਹੋਇਆ ਐਪਰ ਇਕ ਪਾਈ ਵੀ ਵਿਆਹਾਂ 'ਤੇ ਨਹੀਂ ਖਰਚੀ। ਧੀਆਂ-ਭੈਣਾਂ ਦੇ ਪੜ੍ਹਨ-ਲਿਖਣ,

ਆਪਣੇ ਪੈਰਾਂ 'ਤੇ ਖੜ੍ਹੇ ਹੋਣ, ਨਿਰਭਉ-ਨਿਰਵੈਰ ਨਾਗਰਿਕ ਬਣਨ, ਬਰਾਬਰ ਅਧਿਕਾਰਾਂ ਦੀਆਂ ਧਾਰਨੀ ਹੋਣ, ਔਰਤਾਂ ਤੋਂ ਘਰ ਦੀ ਗੁਲਾਮੀ ਦੀ ਛੱਟ ਲਾਹੁਣ, ਘਰ ਦੇ ਅਕਾਊ-ਥਕਾਊ ਤੇ ਨੀਰਸ ਕੰਮ ਤੋਂ ਮੁਕਤੀ ਪ੍ਰਾਪਤ ਕਰਨ ਅਤੇ ਘਰ ਦੀ ਇਵਜ਼ਾਨਾ ਰਹਿਤ ਕਿਰਤ ਤੋਂ ਔਰਤ ਨੂੰ ਨਿਜਾਤ ਦਿਵਾਉਣ ਲਈ ਉਹ ਬੜਾ ਭਾਵੁਕ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਿਛਲੇ ਦੋ ਸਾਲਾਂ ਤੋਂ ਵਿਦਿਆਰਥੀ ਦੇ ਨਾਂ ਨਾਲ ਪਿਤਾ ਦੇ ਨਾਂ ਦੇ ਨਾਲ-ਨਾਲ ਮਾਂ ਦਾ ਨਾਂ ਲਿਖਣ ਦੇ ਫੈਸਲੇ ਨੂੰ ਹੱਕੀ ਤੌਰ 'ਤੇ ਆਪਣੀ ਪ੍ਰਾਪਤੀ ਸਮਝਦਾ ਹੈ। ਧੀਆਂ, ਭੈਣਾਂ, ਮਾਵਾਂ ਨੂੰ ਗਾਲ੍ਹਾਂ ਉਹ ਬਰਦਾਸ਼ਤ ਨਹੀਂ ਕਰ ਸਕਦਾ ਤੇ ਅਕਸਰ ਅੱਗ-ਬਗੋਲਾ ਹੋ ਜਾਂਦਾ ਹੈ। ਔਰਤ ਜਿਹੜੇ ਆਗੂਆਂ ਦੀ ਇਕ ਕਮਜ਼ੋਰੀ ਬਣ ਜਾਂਦੀ ਹੈ, ਉਹ ਉਹਨਾਂ ਆਗੂਆਂ ਦਾ ਪਰਛਾਵਾਂ ਨਹੀਂ ਲੈਣਾ ਚਾਹੁੰਦਾ। ਪਰ ਉਹ ਕਈ ਧੀਆਂ ਦਾ ਬਾਪ ਹੈ।

ਸਾਹਿਤ ਤੇ ਕਲਾ ਲੋਕਾਂ ਲਈ ਹੈ। ਸਾਹਿਤ ਤੇ ਕਲਾ ਜਮਾਤੀ ਸੰਘਰਸ਼ ਵਿਚ ਇਕ ਹਥਿਆਰ ਵਜੋਂ ਵਰਤੇ ਜਾਂਦੇ ਹਨ। ਸਾਹਿਤ ਕਲਾ ਕਿਸੇ ਦੇ ਪੱਖ ਵਿਚ ਅਤੇ ਕਿਸੇ ਦੇ ਵਿਰੋਧੀ ਹੁੰਦੇ ਹਨ। ਇਹਨਾਂ ਧਾਰਨਾਵਾਂ ਨੂੰ ਉਹ ਕੇਵਲ ਸਿਧਾਂਤਕ ਪੱਧਰ 'ਤੇ ਹੀ ਨਹੀਂ ਪ੍ਰਵਾਨ ਕਰਦਾ ਸਗੋਂ ਅਮਲ ਵਿਚ ਵੀ ਲਾਗੂ ਕਰਨ ਲਈ ਦਿਨ-ਰਾਤ ਇਕ ਕਰ ਰਿਹਾ ਹੈ। ਕੁਝ ਸਾਹਿਤਕਾਰਾਂ ਦੀ ਇਹ ਸਮਝ ਕਿ ਸਾਹਿਤ ਤੇ ਕਲਾ ਸਾਰੇ ਲੋਕਾਂ ਲਈ ਨਹੀਂ ਹੁੰਦੀ ਸਗੋਂ ਕੁਝ ਗਿਣੇ-ਚੁਣੇ ਲੋਕਾਂ ਦਾ ਵਿਸ਼ੇਸ਼ ਅਧਿਕਾਰ ਹੁੰਦੀ ਹੈ, ਨੂੰ ਉਹ ਹਿਕਾਰਤ ਕਰਦਾ ਹੈ। ਉਸ ਦੀ ਨਾਟਕ ਟੋਲੀ ਨੂੰ ਕੋਈ ਜਿੰਨੇ ਘੱਟ ਤੋਂ ਘੱਟ ਪੈਸੇ ਦੇਣਾ ਚਾਹੁੰਦਾ ਹੋਵੇ ਜਾਂ ਦੇਣ ਦੇ ਸਮਰੱਥ ਹੋਵੇ, ਦੇ ਸਕਦਾ ਹੈ। ਉਸ ਨੂੰ ਕੋਈ ਉਜ਼ਰ ਨਹੀਂ, ਕੋਈ ਲਾਲਚ ਨਹੀਂ। ਉਸ ਨੂੰ ਕਵੀ ਦਰਬਾਰਾਂ ਦੀ ਪਰੰਪਰਾ ਦੇ ਮੁੱਕ ਜਾਣ ਦਾ ਬੜਾ ਦੁੱਖ ਹੈ। "ਸਾਹਿਤ ਸਮਾਗਮਾਂ" ਦੌਰਾਨ ਜਾਂ ਪਿੱਛੋਂ ਦਾਰੂ-ਦੌਰ ਦਾ ਕੱਟੜ ਵਿਰੋਧੀ ਹੈ ਅਤੇ ਇਸ ਵਰਤਾਰੇ ਵਿਰੁੱਧ ਉਹ ਲਿਖਦਾ, ਬੋਲਦਾ ਅਤੇ ਖਿਝਦਾ-ਖਪਦਾ ਹੈ। ਉਹ ਸਾਹਿਤ ਸਮਾਗਮਾਂ ਵਿਚ ਆਮ ਆਦਮੀਆਂ ਅਤੇ ਔਰਤਾਂ ਨੂੰ ਸ਼ਾਮਲ ਕਰਨ ਦਾ ਚਾਹਵਾਨ ਹੈ। ਭਾਰਤੀ/ਪੰਜਾਬੀ ਸਮਾਜ ਦੀਆਂ ਪਰੰਪਰਾਵਾਂ ਵਿਚ ਦਾਰੂ-ਦੌਰ ਵਿਚ ਔਰਤਾਂ ਤਾਂ ਸ਼ਾਮਲ ਨਹੀਂ ਨਾ ਹੋ ਸਕਦੀਆਂ।

ਇਸ ਨੂੰ ਡੂੰਘੀ ਚਿੰਤਾ ਹੈ ਕਿ ਸਾਡਾ ਨੌਜਵਾਨ ਸਾਡੇ ਵਿਰਸੇ ਨਾਲੋਂ ਟੁੱਟ ਰਿਹਾ ਹੈ ਅਤੇ ਸਾਡੇ ਸਭਿਆਚਾਰਕ ਪ੍ਰੋਗਰਾਮਾਂ ਤੋਂ ਦੂਰ ਜਾ ਰਿਹਾ ਹੈ। ਉਹ ਨੌਜਵਾਨਾਂ ਦੀ ਸ਼ਮੂਲੀਅਤ ਲਈ ਉਹਨਾਂ ਨੂੰ ਖੁੱਲ੍ਹਾਂ ਦੇਣ ਦੇ ਹੱਕ ਵਿਚ ਵੀ ਹੈ। ਉਹ ਵਿਰਸੇ ਵਿਚਲੇ ਚੰਗੇ ਦੇ ਹੱਕ ਵਿਚ ਹੁੰਦਾ ਹੋਇਆ ਨਵੀਨਤਾ ਨੂੰ ਪ੍ਰਨਾਇਆ ਹੋਇਆ ਹੈ। ਉਦਾਹਰਣ ਵਜੋਂ ਉਹ ਪੌਪ ਮਿਊਜ਼ਕ ਦਾ ਵਿਰੋਧੀ ਨਹੀਂ ਹੈ। ਉਹ ਸਿਰਫ਼ ਇਹ ਚਾਹੁੰਦਾ ਹੈ ਕਿ ਇਸ ਲਈ ਅਸੀਂ ਗੀਤ ਦੇ ਵਿਸ਼ੇ-ਵਸਤੂ ਜਾਂ ਵੱਥ ਵੱਲ ਧਿਆਨ ਦੇਈਏ। ਉਹ ਚਾਹੁੰਦਾ ਹੈ ਕਿ ਨੌਜਵਾਨਾਂ ਨੂੰ ਸਮਝਾਈਏ, ਸਲਾਹੀਏ ਤੇ ਉਹਨਾਂ ਵਿਚ ਵਿਸ਼ਵਾਸ ਕਰੀਏ ਕਿਉਂਕਿ ਉਹੀ ਸਾਡਾ ਭਵਿੱਖ ਹਨ, ਸਾਡੇ ਵਾਰਸ ਹਨ। ਉਹ ਸਾਡੇ ਗ਼ੁਲਾਮ ਨਹੀਂ ਹਨ।

ਉਹ ਆਪਣੇ ਜਮਾਤੀ "ਬੁਧਵਾ" ਨੂੰ ਵੀ ਭਾਵੁਕਤਾ ਵੱਸ ਯਾਦ ਕਰਦਾ ਹੈ ਜਿਹੜਾ ਪੜ੍ਹਨ ਵਿਚ ਬੜਾ ਤੇਜ਼-ਤਰਾਰ ਸੀ ਐਪਰ ਗ਼ਰੀਬੀ ਕਾਰਨ ਤੀਜੀ ਤੋਂ ਅੱਗੋਂ ਨਹੀਂ ਪੜ੍ਹ ਸਕਿਆ। ਉਹ ਭਾਰਤ ਦੇ ਸਾਬਕਾ ਖ਼ਜ਼ਾਨਾ ਮੰਤਰੀ ਡਾ. ਮਨਮੋਹਨ ਸਿੰਘ ਦੀ ਪਤਨੀ

ਗੁਰਸ਼ਰਨ ਕੌਰ ਦੇ ਗਾਏ ਗੀਤ "ਮੁੜ ਆ ਲਾਮਾਂ ਤੋਂ" ਨੂੰ ਯਾਦ ਕਰਦਾ ਹੈ। ਉਸ ਨੇ ਉਸ ਦੇ ਮੂੰਹੋਂ ਕਈ ਲੋਕ ਗੀਤ ਸੁਣੇ ਸਨ। ਕਾ. ਸੋਹਣ ਸਿੰਘ ਜੋਸ਼ ਅਤੇ ਕਾ. ਤੇਜਾ ਸਿੰਘ ਸੁਤੰਤਰ ਆਦਿ ਕਮਿਊਨਿਸਟ ਆਗੂਆਂ ਪ੍ਰਤੀ ਬੜੀ ਸਨੇਹ ਅਤੇ ਸਤਿਕਾਰ ਭਾਵਨਾ ਰੱਖਦਾ ਹੈ। ਬਦ-ਇਖਲਾਕ ਗੁੰਡਾ ਟਾਈਪ, ਰਿਸ਼ਵਤਖੋਰ ਅਤੇ ਭ੍ਰਿਸ਼ਟ ਰਾਜਨੀਤੀਵਾਨਾਂ ਤੋਂ ਉਸ ਨੂੰ ਚਿੜ੍ਹ ਹੈ। ਇਸ ਦਾ ਹੱਕੀ ਮਾਣ ਹੈ ਕਿ ਉਸ ਨੇ ਅਨੁਸ਼ਾਸਨ ਵਿਚ ਰਹਿ ਕੇ ਲੋਕਾਂ ਦੇ ਲੇਖੇ ਜ਼ਿੰਦਗੀ ਲਾਈ ਅਤੇ ਜੀਵਨ ਭਰ ਗ਼ਲਤ ਕਦਰਾਂ-ਕੀਮਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ। ਉਹ ਆਪਣੇ ਜਿਸਮ ਨੂੰ ਸਮਾਜ ਦੀ ਉਪਜ ਅਤੇ ਜਾਇਦਾਦ ਸਮਝਦਾ ਹੈ ਅਤੇ ਇਸ ਨੂੰ ਲੋਕਾਂ ਦੇ ਵਿਕਾਸ ਵਿਚ ਲਾ ਦੇਣ ਨੂੰ ਹੀ ਸਾਰਥਕ ਸਮਝਦਾ ਹੈ।

(ਸਾਲ 1999 'ਚ ਰੋਜ਼ਾਨਾ ਦੇਸ਼ ਸੇਵਕ ਅਖ਼ਬਾਰ 'ਚ ਪ੍ਰਕਾਸ਼ਿਤ)